UGC Approved Journal
Research Link
Since March 2002
An International, Registered & Referred Monthly Journal : Music
Research Link - 166, Vol - XVI (11), January - 2018, Page No. 127-129
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੇ ਗਾਇਨ ਰੂਪ : ਵਿਸ਼ਲੇਸ਼ਣਾਤਮਕ ਅਧਿਐਨ

*ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੇ ਅੰਤਰਗਤ ਗੁਰਮਤਿ ਸੰਗੀਤ ਦੇ ਸ਼ਾਸਤਰੀ ਅੰਗ 'ਤੇ ਆਧਾਰਿਤ ਕਾਵਿ/ਗਾਇਨ ਰੂਪਾਂ ਵਿਚ ਅਸ਼ਟਪਦੀ ਤੇ ਪਦ ਸ਼ੈਲੀ ਅਤੇ ਲੋਕ ਅੰਗ ਦੇ ਕਾਵਿ/ਗਾਇਨ ਰੂਪਾਂ ਦੇ ਅੰਤਰਗਤ ਕੇਵਲ ਆਰਤੀ ਰਚਨਾ ਹੀ ਪ੍ਰਾਪਤ ਹੁੰਦੀ ਹੈ। ਪਰ ਇਸ ਰਵਿਦਾਸ-ਬਾਣੀ ਦੇ ਪ੍ਰਾਪਤ ਸੁਰਲਿਪੀਬੱਧ ਕਾਰਜ ਅਤੇ ਗਾਇਨ ਪ੍ਰਸਤੁਤੀਆਂ 'ਤੇ ਆਧਾਰਿਤ ਵਿਭਿੰਨ ਵਿਹਾਰਕ ਸਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਸ ਦੇ ਅੰਤਰਗਤ ਗੁਰਮਤਿ ਸੰਗੀਤ ਦੇ ਸਿਧਾਂਤਕੀ ਸਰੂਪ 'ਤੇ ਆਧਾਰਿਤ ਪ੍ਰਮੁਖ ਰੂਪ ਵਿਚ ਧਰੁਪਦ ਅੰਗ ਤੋਂ ਸ਼ਬਦ ਗਾਇਨ, ਖਿਆਲ ਅੰਗ ਤੋਂ ਸ਼ਬਦ ਗਾਇਨ, ਪੜਤਾਲ ਗਾਇਨ ਸ਼ੈਲੀ ਤੋਂ ਸ਼ਬਦ ਗਾਇਨ ਅਤੇ ਸ਼ਬਦ ਰੀਤਾਂ 'ਤੇ ਆਧਾਰਿਤ ਸ਼ਬਦ ਗਾਇਨ ਪ੍ਰਾਪਤ ਹੁੰਦੇ ਹਨ।*

**ਡਾ. ਹਰਗੁਣ ਸਿੰਘ***

ਗੁਰਮਤਿ ਸੰਗੀਤ ਦੇ ਅੰਤਰਗਤ ਪ੍ਰਮੁੱਖ ਰੂਪ ਵਿਚ ਸਨਾਤਨੀ (ਸ਼ਾਸਤਰੀ) ਤੇ ਲੋਕ ਕਾਵਿ/ਗਾਇਨ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸ਼ਾਸਤਰੀ ਕਾਵਿ/ਗਾਇਨ ਰੂਪਾਂ ਵਿਚ ਅਸ਼ਟਪਦੀ (ਪ੍ਰਬੰਧ ਗਾਇਨ), ਪਦ ਸ਼ੈਲੀ (ਧਰੁਪਦ ਗਾਇਨ), ਪੜਤਾਲ (ਪੜਤਾਲ ਸ਼ੈਲੀ) ਅਤੇ ਲੋਕ ਕਾਵਿ/ਗਾਇਨ ਰੂਪਾਂ ਵਿਚ ਛੰਤ, ਅਲਾਹੁਣੀ, ਮੁੰਦਾਵਣੀ, ਘੋੜੀਆਂ, ਅੰਜੁਲੀ, ਵਾਰ, ਆਰਤੀ, ਤਿਥੀ, ਬਾਰਾਮਾਂਹ, ਬਾਵਨ ਅੱਖਰੀ ਆਦਿ। ਇਹ ਸਾਰੀਆਂ ਗਾਇਨ ਸ਼ੈਲੀਆਂ ਸੁਤੰਤਰ ਰੂਪ ਵਿਚ ਆਪੋ ਆਪਣੇ ਨਿਰਧਾਰਿਤ ਸੰਗੀਤਕ ਵਿਧਾਨ ਤੇ ਸਰੂਪ ਦੇ ਸੁਆਮੀ ਹਨ। ਗੁਰਮਤਿ ਸੰਗੀਤ ਵਿਚ ਇਨ੍ਹਾਂ ਦੇ ਪਰੰਪਰਾਗਤ ਮੂਲ ਪਰਿਭਾਸ਼ਕ ਗੁਣਾਂ ਤੋਂ ਹਟ ਕੇ ਕੇਵਲ ਗਾਇਨ ਅੰਗ ਵਜੋਂ ਹੀ ਪ੍ਰਵਾਨਿਆ ਗਿਆ ਹੈ ਤਾਂ ਕਿ ਸ੍ਰੋਤਾ ਜਨ ਪਰਮਸਤਿ ਨਾਲੋਂ ਟੁਟ ਕੇ ਇਨ੍ਹਾਂ ਦੇ ਬ੍ਰਿਤਾਂਤਕ ਰੂਪ ਵੱਲ ਉਲਾਰ ਨਾ ਹੋ ਜਾਣ। ਬਾਣੀ ਵਿਚ ਇਸਦੇ ਰਚਨਹਾਰਿਆਂ ਨੇ ਸਨਾਤਨੀ (ਸ਼ਾਸਤਰੀ) ਸੰਗੀਤ ਦੀ ਕੱਟੜਤਾ (ਵਕਪਜਦਜਵਖ) ਵਿਚ ਲਚਕੀਲਾਪਨ (ਸ਼;ਕਘਜਲਜ;ਜਵਖ) ਲਿਆ ਕੇ ਇਸਨੂੰ ਸਹਿਜਤਾ (ਟਰਗਠ;ਜਵਖ) ਅਤੇ ਲੋਕ ਸੰਗੀਤ ਦੀਆਂ ਵਿਭਿੰਨ ਸ਼ੈਲੀਆਂ ਉਤੇ ਗੁਰਮਤਿ ਸੰਗੀਤ ਦੇ ਅੰਕੁਸ਼ ਰਾਹੀਂ ਉਸਦੀ ਚਰਕ ਭਟ ਨੂੰ ਠੱਲ ਪਾ ਕੇ ਸੰਤੁਲਨ ਰੂਪ ਦਿੰਦਿਆਂ ਬਾਣੀ ਦੇ ਸੰਚਾਰ-ਭਾਵ ਅਨੁਕੂਲ ਬਣਾਇਆ। ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਨ੍ਹਾਂ ਕਾਵਿ/ਗਾਇਨ ਰੂਪਾਂ ਨੂੰਰਾਗ, ਰਹਾਉ, ਅੰਕ, ਘਰੁ ਆਦਿ ਸੰਗੀਤਕ ਸੰਕੇਤਾਂ ਦੁਆਰਾ ਸਿਰਲੇਖਿਤ ਕੀਤਾ ਗਿਆ ਹੈ, ਇਹੋ ਸੰਗੀਤਕ ਸਿਰਲੇਖ ਇਨ੍ਹਾਂ ਗਾਇਨ ਰੂਪਾਂ ਦਾ ਗਾਇਨ ਵਿਧਾਨ ਨਿਸਚਿਤ ਕਰਦੇ ਹਨ ਅਤੇ ਇਨ੍ਹਾਂ ਦੇ ਅਨੁਸਾਰੀ ਹੋ ਕੇ ਹੀ ਗੁਰਮਤਿ ਸੰਗੀਤ ਦੀ ਹਰੇਕ ਗਾਇਨ ਸ਼ੈਲੀ ਦੀ ਪ੍ਰਸਤੁਤੀ ਹੁੰਦੀ ਹੈ।

ਗੁਰਮਤਿ ਸੰਗੀਤ ਦੇ ਪ੍ਰਸੰਗ ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਦੀ ਦੇ ਅੰਤਰਗਤ ਪ੍ਰਯੋਗ ਕੀਤੇ ਗਏ ਗਾਇਨ ਰੂਪਾਂ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕਰਦਿਆਂ ਉਨ੍ਹਾਂ ਨੂੰ ਉਭਾਰਿਆ ਗਿਆ ਹੈ, ਜੋ ਹੱਥਲੇ ਖੋਜ-ਪੱਤਰ ਦਾ ਮੁੱਖ ਉਦੇਸ਼ ਹੈ।

**ਅਸ਼ਟਪਦੀ (ਪ੍ਰਬੰਧ ਗਾਇਨ) :**

ਅੱਠਾਂ ਪਦਿਆਂ ਵਾਲੀ ਇਸ ਰਚਨਾ ਦੇ ਕਾਵਿ ਰੂਪ ਦਾ ਕੋਈ ਵਿਸ਼ੇਸ਼ ਤੋਲ ਤੁਕਾਂਤ ਨਿਰਧਾਰਿਤ ਨਹੀਂ ਪਰ ਇਸ ਵਿੱਚ ਅੱਠ ਛੰਦ ਇੱਕੋ ਪ੍ਰਬੰਧ ਵਿੱਚ ਹੀ ਪ੍ਰਾਪਤ ਹੁੰਦੇ ਹਨ।(1) ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਸੂਚਨਾ ਅਨੁਸਾਰ ''ਇਹ ਛੰਦ ਦੀ ਖਾਸ ਜਾਤਿ ਨਹੀਂ ਹੈ, ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇਕਠੇ ਹੋਣ ਉਸਦੀ ਅਸ਼ਟਪਦੀ ਸੰਗਿਆ ਹੈ।(2) ਪ੍ਰਸਿੱਧ ਵੈਸ਼ਨਵ ਸੰਤ ਜੈਦੇਵ ਜੀ ਦੀ ਦੁਆਰਾ ਰਚਿਤ 'ਗੀਤ ਗੋਵਿੰਦ' ਗ੍ਰੰਥ ਦੇ ਅੰਤਰਗਤ ਪ੍ਰਾਪਤ 24 ਅਸ਼ਟਪਦੀ ਰਚਨਾਵਾਂ ਅਧਿਆਤਮਕ ਖੇਤਰ ਵਿਚ ਇਸ ਕਾਵਿ ਰੂਪ ਦੇ ਪ੍ਰਯੋਗ ਅਤੇ ਮਹੱਤਵ ਨੂੰ ਉਭਾਰਦੀਆਂ ਹਨ।

ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਪ੍ਰਬੰਧ ਦੇ ਅੰਤਰਗਤ ਵੀ ਅਸ਼ਟਪਦੀ ਕਾਵਿ ਰੂਪ ਦਾ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਪ੍ਰਸਿੱਧ ਵਿਦਵਾਨ ਡਾ. ਗੁਰਨਾਮ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਅਸ਼ਟਪਦੀ ਰਚਨਾਵਾਂ ਦੇ ਅੰਤਰਗਤ ਪਦ ਸੰਖਿਆਂ ਅੱਠ ਤੋਂ ਗਿਆਰਾਂ ਅਤੇ ਘੱਟੋ ਘੱਟ ਸੱਤ ਤੱਕ ਪ੍ਰਾਪਤ ਹੁੰਦੀ ਹੈ। ਇਥੇ ਹੀ ਬਸ ਨਹੀਂ ਜਿੱਥੇ ਇਨ੍ਹਾਂ ਪਦਿਆਂ ਦੇ ਅੰਤਰਗਤ ਤੁਕ ਅੰਤਰ ਅਤੇ ਮਾਤ੍ਰਿਕ-ਅੰਤਰ ਪ੍ਰਾਪਤ ਹੁੰਦਾ ਹੈ ਉਥੇ ਅਸ਼ਟਪਦੀ ਦੇ ਵਿਭਿੰਨ ਭਾਗਾ ਵਿੱਚੋਂ ਉਦਗ੍ਰਾਹ, ਧਰੁਵ ਤੇ ਅੰਤਰਾ ਭਾਗ ਤਾਂ ਹਨ ਪਰ ਮੇਲਾਪਕ ਅਤੇ ਆਭੋਗ ਭਾਗ ਪ੍ਰਾਪਤ ਨਹੀਂ ਹੁੰਦੇ।(3)

ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਰਵਿਦਾਸ-ਬਾਣੀ ਨੂੰ ਗਾਇਨ ਰੂਪ ਪਰਿਪੇਖ ਵਿਚ ਵਾਂਚਦਿਆਂ ਰਾਗੁ ਗਉੜੀ ਬੈਰਾਗਣਿ ਵਿੱਚ ਕੇਵਲ ਇੱਕ ਰਚਨਾ ਹੀ ਅਸ਼ਟਪਦੀ ਪ੍ਰਾਪਤ ਹੁੰਦੀ ਹੈ। ਜਿਸ ਉਤੇ ਅਸ਼ਟਪਦੀ ਸਿਰਲੇਖ ਤਾਂ ਪ੍ਰਾਪਤ ਨਹੀਂ ਹੁੰਦਾ ਪਰ ਪਦ ਸੰਖਿਆ ਅੱਠ ਹੀ ਪ੍ਰਾਪਤ ਹੁੰਦੀ ਹੈ। ਟੂਕ :

*ਗਉੜੀ ਬੈਰਾਗਣਿ*
*ੴ ਸਤਿਗੁਰਪ੍ਰਸਾਦਿ।।*
*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।।*
*ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ।।੧।।*
*ਪਾਰੁ ਕੈਸੇ ਪਾਇਬੋ ਰੇ।।*
*ਮੋ ਸਉ ਕੋਊਨ ਕਹੈ ਸਮਝਾਇ।।*
*ਜਾ ਤੇ ਆਵਾ ਗਵਨੁ ਬਿਲਾਇ।।੧।।ਰਹਾਉ।।*
*ਬਹੁ ਬਿਧਿ ਧਰਮ ਨਿਰੂਪੀਐ, ਕਰਤਾ ਦੀਸੈ ਸਭ ਲੋਇ।।*
*ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ।।੨।।*
*ਕਰਮ ਅਕਰਮ ਬੀਚਾਰੀਐ, ਸੰਕਾ ਸੁਨਿ ਬੇਦ ਪੁਰਾਨ।।*
*ਸੰਸਾ ਸਦ ਹਿਰਦੈ ਬਸੈ, ਕਉਨੁ ਹਿਰੈ ਅਭਿਮਾਨੁ।।੩।।*
*ਬਾਹਰੁ ਉਦਕਿ ਪਖਾਰੀਐ, ਘਟ ਭੀਤਰਿ ਬਿਬਿਧਿ ਬਿਕਾਰ।।*
*ਸੁਧ ਕਵਨ ਪਰ ਹੋਇਬੋ, ਸੁਚ ਕੁੰਚਰ ਬਿਧਿ ਬਿਉਹਾਰ।।੪।।*

**ਸਹਾਇਕ ਪ੍ਰੋਫੈਸਰ ਤੇ ਮੁਖੀ, ਸੰਗੀਤ ਵਿਭਾਗ, ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਲਜ ਫਾਰ ਵੋਮੈਨ, ਚੱਬੇਵਾਲ (ਹੁਸ਼ਿਆਰਪੁਰ) ਪੰਜਾਬ**

ਰਵਿ ਪ੍ਰਗਾਸ ਰਜਨੀ ਜਥਾ ਗਤਿ, ਜਾਨਤ ਸਭ ਸੰਸਾਰ।।
ਪਾਰਸ ਮਾਨੋ ਤਾਬੋ ਛੁਏ, ਕਨਕ ਹੋਤ ਨਹੀਂ ਬਾਰ।।੫।।
ਪਰਮ ਪਰਸ ਗੁਰ ਭੇਟੀਐ, ਪੂਰਬ ਲਿਖਤ ਲਿਲਾਟ।।
ਉਨਮਨ ਮਨ ਮਨ ਹੀ ਮਿਲੇ, ਛੁਟਕਤ ਬਜਰ ਕਪਾਟ।।੬।।
ਭਗਤਿ ਜੁਗਤਿ ਮਤ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ।।
ਸੋਇ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ।।੭।।
ਅਨਿਕ ਜਤਨ ਨਿਗ੍ਰਹ ਕੀਏ, ਟਾਰੀ ਨ ਟਰੈ ਭ੍ਰਮ ਫਾਸ।।
ਪ੍ਰੇਮ ਭਗਤਿ ਨਹੀ ਊਪਜੈ, ਤਾ ਤੇ ਰਵਿਦਾਸ ਉਦਾਸ।।੮।।
ਸ੍ਰੀ ਗੁਰੂਗ੍ਰੰਥ ਸਾਹਿਬ, ਅੰਗ 346

ਸੰਗੀਤਕ ਦ੍ਰਿਸ਼ਟੀ ਤੋਂ ਵਿਦਵਾਨਾਂ ਦੁਆਰਾ ਅਸ਼ਟਪਦੀ ਕਾਵਿ ਰੂਪ ਦੇ ਗਾਇਨ ਵਿਧਾਨ ਨੂੰ ਪ੍ਰਬੰਧ ਸ਼ੈਲੀ ਸਵੀਕਾਰਿਆ ਗਿਆ ਹੈ। ਪ੍ਰਬੰਧ ਗਾਇਨ ਨੇ ਅੰਤਰਗਤ ਅਸ਼ਟਪਦੀ ਦੇ ਵਿਭਿੰਨ ਪਦਿਆਂ (ਭਾਗਾਂ) ਨੂੰ ਉਦਗ੍ਰਾਹ, ਮੇਲਾਪਕ, ਧਰੁਵ ਅਤੇ ਆਭੋਗ ਵਿਚ ਵਿਭਾਜਤ ਕਰਕੇ ਗਾਉਣ ਦੀ ਪੁਰਾਤਨ ਪਰੰਪਰਾ ਦ੍ਰਿਸ਼ਟੀਗੋਚਰ ਹੁੰਦੀ ਹੈ।

**ਪਦ ਸ਼ੈਲੀ (ਧਰੁਪਦ ਗਾਇਨ) :**

ਪ੍ਰਸਿੱਧ ਸੰਗੀਤ ਵਿਦਵਾਨ ਵਿਮਲਾਕਾਂਤ ਰਾਏ ਚੌਧਰੀ ਅਨੁਸਾਰ ਧਰੁਪਦ ਦਾ ਅਰਥ ਹੈ ਨਿਸ਼ਚਿਤ ਅਤੇ ਚਿਰ ਸਥਾਈ। ਇਨ੍ਹਾਂ ਅਰਥਾਂ ਵਿੱਚ ਤਾਂ ਇੱਕ ਮਾਤਰ ਈਸ਼ਵਰ ਹੀ ਧਰੁਵ ਹੈ ਅਤੇ ਉਸਦੇ ਗੁਣ ਕੀਰਤਨ ਸੂਚਕ ਪਦ ਨੂੰ ਧਰੁਪਦ ਕਿਹਾ ਜਾਂਦਾ ਹੈ।[4] ਮੱਧਕਾਲੀਨ ਵਿਭਿੰਨ ਅਧਿਆਤਮਿਕ ਸੰਪਰਦਾਵਾਂ ਦੇ ਅੰਤਰਗਤ ਪਦ ਕਾਵਿ ਰੂਪ ਖੂਬ ਪ੍ਰਚਾਰ ਵਿਚ ਸੀ ਜਿਸ ਤੋਂ ਇਸ ਤੱਥ ਦਾ ਉਭਾਰ ਹੁੰਦਾ ਹੈ ਕਿ ਮੱਧਕਾਲ ਵਿਚ ਧਰਮ ਖੇਤਰ ਵਿਚ ਧਰੁਪਦ ਗਾਇਨ ਦੀ ਹੀ ਪ੍ਰਧਾਨਤਾ ਸੀ। ਧਰੁਪਦ ਗਾਇਨ ਦੇ ਅੰਤਰਗਤ ਪਦ ਕਾਵਿ ਦੇ ਵਿਭਿੰਨ ਭਾਗਾਂ ਨੂੰ ਸਥਾਈ, ਅੰਤਰਾ, ਸੰਚਾਰੀ ਤੇ ਆਭੋਗ ਵਿਚ ਵੰਡ ਕੇ ਗਾਇਆ ਜਾਂਦਾ ਸੀ ਪਰ ਆਧੁਨਿਕ ਸਮੇਂ ਕੇਵਲ ਸਥਾਈ ਤੇ ਅੰਤਰਾ ਭਾਗ ਹੀ ਪ੍ਰਾਪਤ ਹੁੰਦੇ ਹਨ। ਧਰੁਪਦ ਗਾਇਨ ਨੇ ਨਾਲ ਖੁਲ੍ਹੇ ਬੋਲਾਂ ਵਾਲੀਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ ਚਾਰਤਾਲ, ਸੂਲ ਤਾਲ, ਤੀਵਰਾ ਆਦਿ। ਪਰ ਚਾਰ ਤਾਲ ਧਰੁਪਦ ਗਾਇਨ ਦੀ ਪ੍ਰਧਾਨ ਤਾਲ ਮੰਨੀ ਜਾਂਦੀ ਹੈ। ਧਰੁਪਦ ਗਾਇਨ ਨਾਲ ਤਾਲ ਵਾਦ ਵਜੋਂ ਪਖਾਵਜ (ਮਿਰਦੰਗ) ਦੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਨੂੰ ਗਾਇਨ ਸ਼ੈਲੀ ਪਰਿਪੇਖ ਵਿਚ ਵਾਂਚਦਿਆਂ ਪ੍ਰਮੁੱਖ ਰੂਪ ਵਿਚ ਪਦ ਕਾਵਿ ਰੂਪ ਦੀ ਪ੍ਰਧਾਨਤਾ ਦੇਖਣ ਵਿਚ ਆਉਂਦੀ ਹੈ। ਰਵਿਦਾਸ ਬਾਣੀ ਦੇ ਅੰਤਰਗਤ ਵਿਭਿੰਨ ਰਾਗਾਂ ਵਿੱਚ ਪ੍ਰਾਪਤ ਹੋਣ ਵਾਲੇ ਵਿਭਿੰਨ ਪਦ-ਰੂਪਾਂ ਦੀਆਂ ਮੁਢਲੀਆਂ ਤੁਕਾਂ ਇਸ ਪ੍ਰਕਾਰ ਹਨ :

ਰਾਗੁ ਸਿਰੀ : ਤਿਪਦਾ (1)[5]
-ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਰਾਗੁ ਗਉੜੀ ਗੁਆਰੇਰੀ : ਤਿਪਦੇ (2) [6]
-ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ।।
-ਬੇਗਮ ਪੁਰਾ ਸਹਿਰ ਕੋ ਨਾਉ।।
ਰਾਗੁ ਗਉੜੀ ਬੈਰਾਗਣਿ : ਦਉਪਦਾ (1) [7]
-ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣ ਬੈਲੁ ਹਮਾਰ।।
ਰਾਗ ਗਉੜੀ ਪੂਰਬੀ : ਤਿਪਦਾ (1)[8]
-ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।।
ਰਾਗੁ ਆਸਾ : ਤਿਪਦੇ (4) [9]
-ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।।
-ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ।।
-ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।।
-ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।।
ਚਉਪਦੇ (2) [10]
-ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
-ਸੰਤ ਤੁਝੀ ਤਨੁ ਸੰਗਤਿ ਪ੍ਰਾਨ।।
ਰਾਗੁ ਗੂਜਰੀ : ਪੰਚ ਪਦਾ (1) [11]
-ਦੂਧੁ ਤ ਬਛਰੈ ਥਨਹੁ ਬਿਟਾਰਿਓ।।
ਰਾਗੁ ਸੋਰਠਿ : ਤਿਪਦੇ (3) [12]
-ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ।।
-ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।।
-ਚਮਰਟਾ ਗਾਂਠਿ ਨ ਜਨਈ।।
ਚਉਪਦੇ (2)[13]
-ਜਬ ਹਮ ਹੋਤੇ ਤਬ ਤੂਨਾਹੀ ਅਬ ਤੂਹੀ ਮੈ ਨਾਹੀ।।
-ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ।।
ਪੰਚਪਦੇ (2) [14]
-ਜਉ ਤੁਮ ਗਿਰਿਵਰ ਤਉ ਹਮ ਮੋਰਾ।।
-ਜਲ ਕੀ ਭੀਤਿ ਵਨ ਕਾ ਥੰਭਾ ਰਕਤ ਬੰਦ ਕਾ ਗਾਰਾ।।
ਰਾਗੁ ਧਨਾਸਰੀ : ਦੁਪਦੇ (2) [15]
-ਹਮ ਸਰਿ ਦੀਨ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ।।
-ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।।
ਰਾਗੁ ਜੈਤਸਰੀ : ਛੇ ਪਦੇ (1) [16]
-ਨਾਥ ਕਛੂਅ ਨ ਜਾਨਉ।।
ਰਾਗੁ ਸੂਹੀ : ਤਿਪਦੇ (2) [17]
-ਸਹ ਕੀ ਸਾਰ ਸੁਹਾਗਨਿ ਜਾਨੈ।।
-ਜੋ ਦਿਨ ਆਵਹਿ ਸੋ ਦਿਨ ਜਾਹੀ।।
ਦਉਪਦਾ (1) [18]
-ਊਚੇ ਮੰਦਰ ਸਾਲ ਰਸੋਈ।।
ਰਾਗੁ ਬਿਲਾਵਲੁ : ਤਿਪਦੇ (2) [19]
-ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।।
-ਜਿਹ ਕੁਲ ਸਾਧੁ ਬੈਸਨੌ ਹੋਇ।।
ਰਾਗੁ ਗੋਂਡ : ਚਉਪਦੇ (2) [20]
ਮੁਕੰਦ ਮੁਕੰਦ ਜਪਹੁ ਸੰਸਾਰ।।
-ਜੇ ਓਹੁ ਅਠਸਠਿ ਤੀਰਥ ਨਾਵੈ।।
ਰਾਗੁ ਰਾਮਕਲੀ : ਤਿਪਦਾ (1) [21]
-ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ।।
ਰਾਗ ਮਾਰੂ : ਦੁਪਦਾ (1) [22]
-ਐਸੀ ਲਾਲ ਤੁਝ ਬਿਨੁ ਕਉਨੁ ਕਰੈ।।
ਤਿਪਦਾ (1) [23]
-ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ।।
ਰਾਗੁ ਕੇਦਾਰਾ : ਤਿਪਦਾ (1) [24]
-ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ।।
ਰਾਗੁ ਭੈਰਉ : ਚਉਪਦਾ (1) [25]
-ਬਿਨੁ ਦੇਖੇ ਉਪਜੈ ਨਹੀ ਆਸਾ।।
ਰਾਗੁ ਬਸੰਤੁ : ਚਉਪਦਾ (1) [26]
-ਤੁਝਹਿ ਸੁਝੰਤਾ ਕਛੂਨਾਹਿ।।
ਰਾਗੁ ਮਲਾਰ : ਤਿਪਦੇ (3) [27]
-ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰਿ।।
-ਹਰ ਜਪਤ ਤੇਊਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ

*ਨਹੀ ਆਨ ਕੋਊ।।*

***-ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।।***

ਸਪੱਸ਼ਟ ਹੈ ਕਿ ਗੁਰੂਰਵਿਦਾਸ ਜੀ ਨੇ ਦੁਪਦੇ ਤਿੰਨ, ਤਿਪਦੇ ਇਕੀ, ਚਉਪਦੇ ਦੱਸ, ਪੰਚ ਪਦੇ ਤਿੰਨ ਅਤੇ ਛੇ ਪਦਾ ਇਕ ਕੁਲ ਸੈਤੀ ਸ਼ਬਦ ਰਚਨਾਵਾ ਨੂੰ 18 ਰਾਗਾਂ (ਮੁੱਖ ਰਾਗ 15 ਤੇ ਰਾਗ ਪ੍ਰਕਾਰ 3) ਵਿਚ ਪਦ ਸ਼ੈਲੀ ਦੇ ਅੰਤਰਗਤ ਗਾਇਨ ਕੀਤਾ। ਦੇਖਿਆ ਜਾਵੇ ਤਾਂ ਰਵਿਦਾਸ ਜੀ ਨੇ ਅਧਿਕਤਰ ਬਾਣੀ ਤਿਪਦੇ (ਇਕੀ) ਅਤੇ ਚਉਪਦੇ (ਦਸ) ਦੇ ਰੂਪ ਵਿਚ ਗਾਇਨ ਕੀਤੀ। ਵਿਦਵਾਨਾਂ ਅਨੁਸਾਰ ਗੁਰਮਤਿ ਸੰਗੀਤ ਵਿਚ ਇਨ੍ਹਾਂ ਵਿਵਿਧ ਪ੍ਰਕਾਰ ਦੇ ਪਦਿਆਂ ਦਾ ਗਾਇਨ ਧਰੁਪਦ ਅੰਗ ਤੋਂ ਕਰਨ ਦੀ ਪੁਰਾਤਨ ਪਰੰਪਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰਮਤਿ ਸੰਗੀਤ ਵਿਚ ਗਾਇਨ ਸ਼ੈਲੀ ਧਰੁਪਦ ਦੀ ਕੱਟੜਤਾ (ਵਕਪਜਦਜਵਖ) ਵਿਚ ਲਚਕੀਲਾਪਨ (ਸ਼;ਕਘਜਲਜ;-ਜਵਖ) ਲਿਆ ਕੇ ਇਸਨੂੰ ਸਹਿਜਤਾ (ਟਰਗਠ;ਜਵਖ) ਪ੍ਰਦਾਨ ਕਰਦੇ ਹੋਏ ਬਾਣੀ ਦੇ ਸੰਚਾਰੀ ਭਾਵ ਅਨੁਕੂਲ ਬਣਾਇਆ ਗਿਆ ਹੈ। ਇਹੋ ਕਾਰਨ ਹੈ ਕਿ ਗੁਰਮਤਿ ਸੰਗੀਤ ਵਿਚ ਧਰੁਪਦ ਗਾਇਨ ਨੂੰ ਸ਼ੈਲੀ ਨਹੀਂ ਬਲਕਿ ਅੰਗ ਰੂਪ ਵਜੋਂ ਪ੍ਰਯੋਗ ਵਿੱਚ ਲਿਆ ਗਿਆ ਹੈ ਤਾਂ ਜੋ ਸ਼ਬਦ ਦਾ ਭਾਵ-ਸੰਚਾਰ ਵਧੇਰੇ ਸਫਲਤਾਪੂਰਵਕ ਢੰਗ ਨਾਲ ਹੋ ਸਕੇ। ਗੁਰਮਤਿ ਸੰਗੀਤ ਵਿਚ ਧਰੁਪਦ ਅੰਗ ਦੇ ਗਾਇਨ ਹਿਤ ਤਾਲ ਵਾਦ ਲਈ ਪਖਾਵਜ (ਮਿਰਦੰਗ) ਅਤੇ ਜੋੜੀ (ਆਟੇ ਵਾਲਾ ਧਾਮਾ) ਦੀ ਸੰਗਤ ਸ੍ਰਵਨੀਗੋਚਰ ਹੁੰਦੀ ਹੈ।

**ਆਰਤੀ :**

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਰਤੀ ਤੋਂ ਭਾਵ ਦੇਵਤਾ ਦੀ ਮੂਰਤੀ ਅਥਵਾ ਕਿਸੇ ਪੂਜਯ ਅੱਗੇ ਦੀਵੇ ਘੁਮਾ ਕੇ ਪੂਜਨ ਕਰਨਾ ਹੈ। ਇਹ ਆਰਤੀ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ। ਹਿੰਦੂਮਤ ਅਨੁਸਾਰ ਚਾਰ ਵਾਰ ਚਰਣਾ ਅੱਗੇ, ਦੋ ਵਾਰ ਨਾਭਿ ਤੇ, ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸਰੀਰ ਉਪਰ ਦੀਵੇ ਘੁਮਾਉਣੇ ਚਾਹੀਦੇ ਹਨ, ਦੀਵੇ ਇਕ ਤੋਂ ਲੈ ਕੇ ਸੌ ਤੀਕ ਜਗਾਉਣ ਦਾ ਵਿਧਾਨ ਹੈ।28 ਪ੍ਰਚੱਲਿਤ ਮਤ ਅਨੁਸਾਰ ਆਰਤੀ ਇੱਕ ਪੁਰਾਤਨ ਲੋਕ ਕਾਵਿ ਰੂਪ ਹੈ, ਜਿਸਦਾ ਪ੍ਰਚਲਨ ਧਰਮ-ਖੇਤਰ ਵਿੱਚ ਵਿਸ਼ੇਸ਼ ਰੂਪ ਵਿਚ ਪ੍ਰਾਪਤ ਹੁੰਦਾ ਹੈ। ਹਿੰਦੂ ਧਰਮ ਵਿਚ ਆਰਤੀ ਦੇ ਅੰਤਰਗਤ ਸੰਸਾਰਕ ਵਸਤਾਂ ਨਾਲ ਦੇਵੀ-ਦੇਵਤਿਆਂ ਦੀ ਆਰਤੀ ਉਤਾਰਨ ਦਾ ਵਿਧਾਨ ਹੈ ਪਰ ਗੁਰੂਰਵਿਦਾਸ ਜੀ ਨੇ ਇਨ੍ਹਾਂ ਸਾਰੇ ਪਦਾਰਥਾਂ ਨੂੰ ਜੂਠਿਆਂ ਦਸਦੇ ਹੋਏ ਜਿਥੇ ਇਸ ਫੋਕੇ ਆਡੰਬਰ ਨੂੰ ਨਕਾਰਿਆ ਹੈ ਉਥੇ ਸਭ ਤੋਂ ਉਤਮ ਆਰਤੀ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਸੱਚੇ ਨਾਮ ਨੂੰ ਮੰਨਿਆ ਹੈ। ਰਵਿਦਾਸ ਜੀ ਆਖਦੇ ਹਨ ਕਿ ਸੰਸਾਰ ਦੀਆਂ ਬਾਕੀ ਸਾਰੀਆਂ ਵਸਤਾਂ ਤਾਂ ਨਾਸ਼ਵਾਨ ਹੋਣ ਕਾਰਨ ਵਿਅਰਥ ਹਨ ਪਰ ਹੇ ਪ੍ਰਭੂ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ, ਇਸੇ ਲਈ ਮੈਂ ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਤੈਨੂੰ ਲਗਾਉਂਦਾ ਹਾਂ। ਟੂਕ:

***ੴ ਸਤਿਗੁਰ ਪ੍ਰਸਾਦਿ।।***
***ਧਨਾਸਰੀ ਭਗਤ ਰਵਿਦਾਸ ਜੀ ਕੀ***
***ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।।***
***ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।।੧।।ਰਹਾਉ।।***
***ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ,***
***ਨਾਮ ਤੇਰਾ ਕੇਸਰੋ ਲੇ ਛਿਟਕਾਰੇ।।***
***ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ,***
***ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।।੧।।***

***ਸ੍ਰੀ ਗੁਰੂਗ੍ਰੰਥ ਸਾਹਿਬ, ਅੰਗ 694***

ਗੁਰਮਤਿ ਸੰਗੀਤ ਵਿਚ ਆਰਤੀ ਕਾਵਿ ਰੂਪ ਲੋਕ ਅੰਗ ਦਾ ਗਾਇਨ ਰੂਪ ਮੰਨਿਆ ਗਿਆ ਹੈ, ਜਿਸਦਾ ਗਾਇਨ ਕੀਰਤਨਕਾਰ ਦੁਆਰਾ ਰਾਗ ਧਨਾਸਰੀ ਵਿਚ ਸੰਗਤ ਨਾਲ ਮਿਲ ਕੇ ਕਰਨ ਦੀ ਪਰੰਪਰਾ ਹੈ। ਆਰਤੀ ਗਾਇਨ ਲੋਕ ਅੰਗ ਦਾ ਗਾਇਨ ਰੂਪ ਹੋਣ ਕਾਰਣ ਇਸ ਨੂੰ ਤਾਲ ਕਹਿਰਵਾ ਵਿਚ ਨਿਬੱਧ ਕੀਤਾ ਜਾਂਦਾ ਹੈ ਅਤੇ ਤਾਲ ਵਾਦ ਵਜੋਂ ਤਬਲੇ ਦਾ ਪ੍ਰਯੋਗ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਸਦੀਆਂ ਪੁਰਾਣੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਕੀਰਤਨ ਚੌਂਕੀ ਪਰੰਪਰਾ ਦੇ ਅੰਤਰਗਤ 'ਆਰਤੀ ਦੀ ਚੌਂਕੀ' ਵਿਚ ਗੁਰੂਰਵਿਦਾਸ ਜੀ ਦੀ ਇਸ ਆਰਤੀ ਰਚਨਾ ਦਾ ਰੋਜ਼ਾਨਾ ਗਾਇਨ ਗੁਰਮਤਿ ਸੰਗੀਤ ਵਿਚ ਰਵਿਦਾਸ ਜੀ ਦੇ ਮੁਲਵਾਨ ਤੇ ਸਾਰਥਿਕ ਮਹੱਤਵ ਨੂੰ ਉਭਾਰਦਾ ਹੈ।

**ਸਿੱਟਾ :**

ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੇ ਅੰਤਰਗਤ ਗੁਰਮਤਿ ਸੰਗੀਤ ਦੇ ਸ਼ਾਸਤਰੀ ਅੰਗ 'ਤੇ ਆਧਾਰਿਤ ਕਾਵਿ/ਗਾਇਨ ਰੂਪਾਂ ਵਿਚ ਅਸ਼ਟਪਦੀ ਤੇ ਪਦ ਸ਼ੈਲੀ ਅਤੇ ਲੋਕ ਅੰਗ ਦੇ ਕਾਵਿ/ਗਾਇਨ ਰੂਪਾਂ ਦੇ ਅੰਤਰਗਤ ਕੇਵਲ ਆਰਤੀ ਰਚਨਾ ਹੀ ਪ੍ਰਾਪਤ ਹੁੰਦੀ ਹੈ। ਪਰ ਇਸ ਰਵਿਦਾਸ-ਬਾਣੀ ਦੇ ਪ੍ਰਾਪਤ ਸੁਰਲਿਪੀਬੱਧ ਕਾਰਜ ਅਤੇ ਗਾਇਨ ਪ੍ਰਸਤੁਤੀਆਂ 'ਤੇ ਆਧਾਰਿਤ ਵਿਭਿੰਨ ਵਿਹਾਰਕ ਸਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਸ ਦੇ ਅੰਤਰਗਤ ਗੁਰਮਤਿ ਸੰਗੀਤ ਦੇ ਸਿਧਾਂਤਕੀ ਸਰੂਪ 'ਤੇ ਆਧਾਰਿਤ ਪ੍ਰਮੁਖ ਰੂਪ ਵਿਚ ਧਰੁਪਦ ਅੰਗ ਤੋਂ ਸ਼ਬਦ ਗਾਇਨ, ਖਿਆਲ ਅੰਗ ਤੋਂ ਸ਼ਬਦ ਗਾਇਨ, ਪੜਤਾਲ ਗਾਇਨ ਸ਼ੈਲੀ ਤੋਂ ਸ਼ਬਦ ਗਾਇਨ ਅਤੇ ਸ਼ਬਦ ਰੀਤਾਂ 'ਤੇ ਆਧਾਰਿਤ ਸ਼ਬਦ ਗਾਇਨ ਪ੍ਰਾਪਤ ਹੁੰਦੇ ਹਨ। ਇਸ ਤੋਂ ਬਿਨਾਂ ਗੁਰਮਤਿ ਸੰਗੀਤ ਦੇ ਨਿਰਧਾਰਿਤ ਰਾਗ, ਰਹਾਉ ਤੇ ਗਾਇਨ ਸ਼ੈਲੀ ਦੇ ਅੰਕੁਸ਼ ਤੋਂ ਰਹਿਤ ਹੋ ਕੇ ਰਾਗ ਦਰਬਾਰੀ, ਭੈਰਵੀ, ਪਹਾੜੀ, ਸ਼ਿਵਰੰਜਨੀ, ਕਲਾਵਤੀ ਆਦਿ ਰਾਗਾਂ ਦੇ ਅੰਤਰਗਤ ਤਾਲ ਕਹਿਰਵਾ ਤੇ ਦਾਦਰਾ ਵਿਚ ਨਿਬੱਧ ਸਾਧਾਰਣ ਰੀਤਾਂ ਦਾ ਸ਼ਬਦ ਗਾਇਨ ਵੀ ਸ੍ਰਵਨੀਗੋਚਰ ਹੁੰਦਾ ਹੈ। ਇਸ ਤੋਂ ਇਲਾਵਾਂ ਸ਼ਬਦ ਗਾਇਨ ਪ੍ਰਸਤੁਤੀਆਂ ਵਿਚ ਪ੍ਰਯੋਗ ਹੋਣ ਵਾਲੇ ਸੁਰ ਵਾਦ, ਤਾਲ ਵਾਦ ਅਤੇ ਕੀਰਤਨਕਾਰ ਦੀ ਨਿੱਜੀ ਗਾਇਨ ਸ਼ੈਲੀ (ਜਿਸ ਦੇ ਅੰਤਰਗਤ ਪ੍ਰਮੁਖ ਰੂਪ ਵਿਚ ਕੀਰਤਨੀ ਜਥਿਆਂ ਦੀ ਆਪੋ ਆਪਣੀ ਸੰਗੀਤਕ ਸੂਝ, ਬਾਣੀ ਦੀ ਸਮਝ, ਸੰਗੀਤਕ ਤੱਤਾਂ ਦੇ ਪ੍ਰਯੋਗ ਆਦਿ) 'ਤੇ ਆਧਾਰਿਤ ਰਵਿਦਾਸ-ਬਾਣੀ ਦੀਆਂ ਸ਼ਬਦ ਗਾਇਨ ਪ੍ਰਸਤੁਤੀਆਂ ਦੇ ਵਿਹਾਰਕ ਸਰੂਪ ਵਿਚ ਉਪ ਵੰਨਗੀਆਂ ਪੈਦਾ ਹੋ ਜਾਂਦੀਆਂ ਹਨ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੀਆਂ ਸ਼ਬਦ ਗਾਇਨ ਪ੍ਰਸਤੁਤੀਆਂ 'ਤੇ ਆਧਾਰਿਤ ਪ੍ਰਾਪਤ ਹੋਣ ਵਾਲੇ ਵਿਭਿੰਨ ਵਿਹਾਰਕ ਸਰੂਪਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪਰ ਇਸ ਰਵਿਦਾਸ-ਬਾਣੀ ਦੀ ਗੁਰਮਤਿ ਸੰਗੀਤ 'ਤੇ ਆਧਾਰਿਤ ਕੀਤੀ ਗਈ ਸ਼ਬਦ ਗਾਇਨ ਪ੍ਰਸਤੁਤੀ ਹੀ ਜਿਥੇ ਮਾਨਵ ਮਨ ਦੀਆਂ ਖਿੰਡੀਆਂ ਸੁਰਤਾਂ ਨੂੰ ਇਕਾਗਰ ਚਿਤ ਕਰਕੇ, ਵਸਤੂ-ਸੰਸਾਰ ਨਾਲੋਂ ਤੋੜ, ਅਧਿਆਤਮਿਕ ਮੰਡਲ ਦੀਆਂ ਉਡਾਰੀਆਂ ਲੁਆਂਦਿਆਂ, ਪ੍ਰਭੂ-ਚਰਨਾਂ ਨਾਲ ਇਕ ਸੁਰ ਕਰਨ ਦੇ ਸਮਰੱਥ ਹੈ ਉਥੇ ਗੁਰੂਰਵਿਦਾਸ ਜੀ ਦੇ ਧਰਮ-ਵੰਡ, ਵਰਣ-ਵੰਡ, ਨਸਲ-ਵੰਡ, ਰੰਗ ਭੇਦ-ਵੰਡ, ਜਾਤੀਵਾਦ-ਵੰਡ, ਉਚ-ਨੀਚ-ਵੰਡ ਤੋਂ ਰਹਿਤ 'ਬੇਗਮ ਪੁਰਾ ਸ਼ਹਿਰ' ਦੇ ਸੰਕਲਪ ਨੂੰ ਸਾਕਾਰਾਤਮਕਤਾ ਪ੍ਰਦਾਨ ਕਰਨ ਦੇ ਵੀ ਸਮਰੱਥ ਹੈ।

***ਹਵਾਲੇ :***

*(1). ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 30.* ***(2)*** *ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 428.* ***(3)*** *ਗੁਰਨਾਮ ਸਿੰਘ (ਡਾ.) ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਪੰਨੇ 169-171.* ***(4)*** *ਚੌਧਰੀ, ਵਿਮਲਾਕਾਂਤ ਰਾਏ, ਭਾਰਤੀ ਸੰਗੀਤ ਕੋਸ਼, ਪੰਨੇ 87-88.* ***(5)*** *ਸ੍ਰੀ ਗੁਰੂਗ੍ਰੰਥ ਸਾਹਿਬ, ਅੰਗ 93.* ***(6)*** *ਉਹੀ, ਅੰਗ 345.* ***(7)*** *ਉਹੀ, ਅੰਗ 346.* ***(8)*** *ਉਹੀ* ***(9)*** *ਉਹੀ, ਅੰਗ 486-487.* ***(10)*** *ਉਹੀ, ਅੰਗ 486.* ***(11)*** *ਉਹੀ, ਅੰਗ 525.* ***(12)*** *ਉਹੀ, ਅੰਗ 658-659.* ***(13)*** *ਉਹੀ, ਅੰਗ 658.* ***(14)*** *ਉਹੀ, ਅੰਗ 659.* ***(15)*** *ਉਹੀ, ਅੰਗ 694.* ***(16)*** *ਉਹੀ, ਅੰਗ 710.* ***(17)*** *ਉਹੀ, ਅੰਗ 793-794.* ***(18)*** *ਉਹੀ* ***(19)*** *ਉਹੀ, ਅੰਗ 858.* ***(20)*** *ਉਹੀ, ਅੰਗ 875.* ***(21)*** *ਉਹੀ, ਅੰਗ 973-74.* ***(22)*** *ਉਹੀ, ਅੰਗ 1106.* ***(23)*** *ਉਹੀ* ***(24)*** *ਉਹੀ, ਅੰਗ 1124.* ***(25)*** *ਉਹੀ, ਅੰਗ 1167.* ***(26)*** *ਉਹੀ, ਅੰਗ 1196.* ***(27)*** *ਉਹੀ, ਅੰਗ 1293.* ***(28)*** *ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 484.*